## ਤੀਜੀ ਵਿਸ਼ਵ ਪੰਜਾਬੀ ਕਾਨਫਰੰਸ ਦਾ ਦੂਜਾ ਦਿਨ

# ਪੰਜਾਬੀ ਭਾਸ਼ਾ ਅਤੇ ਵਾਤਾਵਰਨ ਦੇ ਮੁੱਦੇ ਛਾਏ ਰਹੇ



ਵਿਸ਼ਵ ਪੰਜਾਬੀ ਕਾਨਫਰੰਸ ਦੇ ਦੂਜੇ ਦਿਨ ਸਵੇਰ ਦੇ ਸੈਸ਼ਨ ਦੌਰਾਨ ਬੋਲਦੇ ਹੋਏ ਕੁਲਬੀਰ ਕੌਰ, ਸ਼ਾਮ ਦੇ ਸੈਸ਼ਨ ਵਿਚ ਪੇਪਰ ਪੜ੍ਹਦੇ ਹੋਏ ਨਿਰਦੋਸ਼ ਕੌਰ, ਪੰਡਾਲ ਵਿਚ ਬੈਠੇ ਸਾਹਿਤ ਪ੍ਰੇਮੀ ਅਤੇ ਪੁਸਤਕ-ਪ੍ਰਦਰਸ਼ਨੀ ਦੇਖਦੇ ਲੋਕ। ਤਸਵੀਰਾਂ : ਆਰ. ਐਨ. ਸਿੰਘ

ਜਲੰਧਰ, 16 ਫਰਵਰੀ (ਬਲਬੀਰ ਸਿੰਘ ਵਾਸੀ)-'ਪੰਜਾਬੀ ਕੌਮ ਦੇ ਸੱਭਿਆਚਾਰ ਨੂੰ ਗੁਰੂ ਨਾਨਕ ਦੇ ਫਲਸਫੇ ਤੋਂ ਅੱਡ ਕਰਕੇ ਨਹੀਂ ਦੇਖਿਆ ਜਾ ਸਕਦਾ। ਗੁਰੂ ਨਾਨਕ ਦਾ ਫਲਸਫਾ ਇਸ ਧਰਤੀ ਦੇ ਸੱਭਿਆਚਾਰਕ ਵਿਕਾਸ ਦਾ ਨਿਚੋੜ ਹੈ। ਗੁਰੂ ਨਾਨਕ ਨੇ ਪਹਿਲੀ ਵਾਰ ਹਿੰਦੁਸਤਾਨੀ ਸਭਿਅਤਾ ਦੀਆਂ ਨਾ ਸਿਰਫ ਕਮਜ਼ੋਰੀਆਂ ਦੀ ਨਿਸ਼ਾਨਦੇਹੀ ਕੀਤੀ ਸਗੋਂ ਉਨ੍ਹਾਂ ਦੇ ਹੱਲ ਵੀ ਦੱਸੇ।' ਇਹ ਵਿਚਾਰ ਦੇਸ਼ ਭਗਤ ਯਾਦਗਾਰ ਹਾਲ ਵਿਚ ਚੱਲ ਰਹੀ ਤੀਜੀ ਵਿਸ਼ਵ ਪੰਜਾਬੀ ਕਾਨਫਰੰਸ ਦੇ ਦੂਜੇ ਦਿਨ ਦੇ ਪਹਿਲੇ ਸੈਸ਼ਨ ਵਿਚ ਡਾ: ਦਰਸ਼ਨ ਸਿੰਘ ਨੇ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਹੋਇਆਂ ਪ੍ਰਗਟ ਕੀਤੇ। ਇਸ ਸੈਸ਼ਨ ਵਿਚ ਪੰਜਾਬੀ ਬੋਲੀ ਤੇ ਸੱਭਿਆਚਾਰ ਦੇ ਮਸਲੇ ਪੰਜਾਬੀ ਕੌਮ ਦੇ ਪ੍ਰਸੰਗ ਵਿਚ ਵਿਚਾਰੇ ਗਏ। ਇੰਗਲੈਂਡ ਤੋਂ ਆਈ ਬੀਬੀ ਕੁਲਬੀਰ ਕੌਰ, ਡਾ: ਕਰਨੈਲ ਸਿੰਘ ਥਿੰਦ, ਡਾ: ਸੁਖਪਾਲ ਸਿੰਘ ਥਿੰਦ, ਡਾ: ਬਲਦੇਵ ਸਿੰਘ ਧਾਲੀਵਾਲ ਅਤੇ ਡਾ: ਸਤੀਸ਼ ਵਰਮਾ ਨੇ ਇਸ ਸੈਸ਼ਨ ਵਿਚ ਆਪਣੇ ਪਰਚੇ ਪੜ੍ਹੇ ਅਤੇ ਇਨ੍ਹਾਂ ਮਸਲਿਆਂ 'ਤੇ ਵਿਚਾਰ ਪ੍ਰਗਟ ਕੀਤੇ। ਆਰੰਭ ਵਿਚ ਡਾ: ਜਸਪਾਲ ਸਿੰਘ ਨੇ ਕੱਲ੍ਹ ਦੀ ਕਾਰਵਾਈ ਬਾਰੇ ਸੰਖੇਪ ਜਾਣਕਾਰੀ ਦਿੱਤੀ।

ਸਾਊਥ ਏਸ਼ੀਆ ਰਿਸਰਚ ਇੰਸਟੀਚਿਊਟ ਵੱਲੋਂ ਤਿਆਰ ਕੀਤੇ ਗਏ ਖੋਜ ਪੱਤਰ 'ਲੋਕਾਂ ਦਾ ਭਾਸ਼ਾ ਦਾ ਅਧਿਕਾਰ ਅਤੇ ਇਸ ਮਸਲੇ ਦੇ ਕੁਝ ਪਹਿਲੂਆਂ ਦੀ ਝਲਕ', ਜਿਹੜਾ ਬੀਬੀ ਕੁਲਬੀਰ ਕੌਰ ਨੇ ਪੜ੍ਹਿਆ, ਵਿਚ ਇਹ ਗੱਲ ਬੜੇ ਜ਼ੋਰ ਨਾਲ ਕਹੀ ਗਈ ਕਿ ਗੁਲਾਮ ਲੋਕਾਂ ਜਾਂ ਰਾਜਨੀਤਕ ਤੌਰ 'ਤੇ ਦਬਾਈਆਂ ਹੋਈਆਂ ਕੌਮਾਂ ਦੀ ਜ਼ੁਬਾਨ ਕਦੀ ਤਰੱਕੀ ਨਹੀਂ ਕਰ ਸਕਦੀ। ਪਰਚੇ ਵਿਚ ਪੰਜਾਬੀ ਬੋਲੀ ਦੇ ਮਸਲੇ ਨੂੰ ਸੰਬੋਧਨ ਕਰਦਿਆਂ ਹੋਇਆਂ ਇਹ ਪ੍ਰਵਾਨ ਕੀਤਾ ਗਿਆ ਕਿ 'ਇਹ ਪੰਜਾਬੀਆਂ ਦੇ ਜੀਣ-ਥੀਣ ਦੇ ਹੱਕ ਦਾ ਮਸਲਾ ਹੈ। ਇਹ ਉਨ੍ਹਾਂ ਦੇ ਬੁਨਿਆਦੀ ਹੱਕਾਂ ਦਾ ਮਸਲਾ ਹੈ।' ਡਾ: ਕਰਨੈਲ ਸਿੰਘ ਥਿੰਦ ਆਪਣੇ ਪਰਚੇ 'ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੇ ਮਸਲੇ : ਪੰਜਾਬੀ ਕੌਮ ਦੇ ਹਵਾਲੇ ਨਾਲ' ਵਿਚ ਇਸ ਸਿੱਟੇ 'ਤੇ ਪਹੁੰਚੇ ਕਿ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨਾਲ ਜੁੜੇ ਮਸਲੇ ਉਸ ਸਮੇਂ ਹੀ ਸ਼ੁਰੂ ਹੋ ਗਏ ਸਨ, ਜਦੋਂ ਅੰਗਰੇਜ਼ਾਂ ਨੇ ਪੰਜਾਬ ਨੂੰ ਹਥਿਆ ਕੇ ਆਪਣੇ ਕਬਜ਼ੇ ਵਿਚ ਕਰ ਲਿਆ ਸੀ। ਡਾ: ਸੁਖਪਾਲ ਸਿੰਘ ਥਿੰਦ ਨੇ ਆਪਣੇ ਖੋਜ ਭਰਪੂਰ ਪਰਚੇ 'ਪੰਜਾਬੀ ਕੌਮ ਦੀ ਉਸਾਰੀ : ਵਿਰਸੇ ਅਤੇ ਵਰਤਮਾਨ ਦੇ ਰੂ-ਬ-ਰੂ' ਵਿਚ ਸੰਸਾਰੀਕਰਨ ਦੇ ਇਸ ਦੌਰ ਅੰਦਰ ਗੁਆਚ ਰਹੇ ਪੰਜਾਬੀ ਵਿਰਸੇ, ਪਲੀਤ ਹੋ ਰਹੇ ਪੰਜਾਬੀ ਕੌਮ ਦੇ ਕੁਦਰਤੀ ਸੋਮਿਆਂ ਅਤੇ ਪੰਜਾਬੀ ਬੋਲੀ ਦੀ ਹੋ ਰਹੀ ਦੁਰਦਸ਼ਾ ਬਾਰੇ ਚਿੰਤਾ ਪ੍ਰਗਟ ਕਰਦਿਆਂ ਇਹ ਤੱਤ ਕੱਢਿਆ ਕਿ 'ਜਿਹੜੀਆਂ ਕੌਮਾਂ ਆਪਣੀ ਧਰਤੀ ਨਾਲ ਇਕਸੁਰ ਹੁੰਦੀਆਂ ਹਨ, ਉਹ ਹੀ ਬਾਹਰਲੇ ਹਮਲਿਆਂ ਨੂੰ ਝੇਲਣ ਦੇ ਸਮਰੱਥ ਹੁੰਦੀਆਂ ਹਨ। ਪੰਜਾਬ ਅਤੇ ਪੰਜਾਬੀ ਬੰਦੇ ਦਾ ਭਵਿੱਖ ਪੰਜਾਬੀ ਕੌਮ ਦੀ ਉਸਾਰੀ ਦੇ ਰਸਤਿਓਂ ਤੁਰ ਕੇ ਹੀ ਸੁਰੱਖਿਅਤ ਹੋਣਾ ਹੈ।'

'21ਵੀਂ ਸਦੀ ਦੌਰਾਨ ਪੰਜਾਬੀ ਕੌਮ ਦੀ ਉਸਾਰੀ ਵਿਚ ਪੰਜਾਬੀ ਬਿਰਤਾਂਤ ਦੀ ਭੂਮਿਕਾ' ਪਰਚੇ ਨੂੰ ਪੇਸ਼ ਕਰਦਿਆਂ ਡਾ: ਬਲਦੇਵ ਸਿੰਘ ਧਾਲੀਵਾਲ ਨੇ ਇਹ ਸਿੱਟਾ ਕੱਢਿਆ ਕਿ 'ਭੂਗੋਲਿਕ ਦੂਰੀਆਂ ਅਤੇ ਧਰਮ ਭਾਸ਼ਾ-ਲਿਪੀ ਸੱਭਿਆਚਾਰਕ ਪ੍ਰੇਰਕਾਂ ਆਦਿ ਦੇ ਵਖੇਵਿਆਂ ਦੇ ਬਾਵਜੂਦ ਪੰਜਾਬੀਅਤ ਦੀ ਤੰਦ ਪੰਜਾਬੀ ਲੋਕਾਂ ਨੂੰ ਇਕ-ਦੂਜੇ ਨਾਲ ਸੰਪਰਕ ਵਧਾਉਣ ਲਈ ਪ੍ਰੇਰਦੀ ਹੈ। ਨਵ-

ਬਸਤੀਵਾਦੀ ਫੇਟਾਂ ਨਾਲ ਆਪਣੀ ਹੋਂਦ ਅਤੇ ਹਸਤੀ ਦੇ ਮਿਟ ਜਾਣ ਦਾ ਤੌਖਲਾ ਇਸ ਨੂੰ ਅਜੇ ਉਸ ਕਦਰ ਨਹੀਂ ਵਿਆਪ ਰਿਹਾ ਜਿਸ ਕਦਰ ਪ੍ਰਵਾਸੀ ਅਤੇ ਪਾਕਿਸਤਾਨੀ ਪੰਜਾਬਾਂ ਦੇ ਪ੍ਰਸੰਗ ਵਿਚ ਵੇਖਣ ਨੂੰ ਮਿਲਦਾ ਹੈ।' ਆਪਣੇ ਇਸ ਕਥਨ ਦੀ ਪੁਸ਼ਟੀ ਉਨ੍ਹਾਂ ਨੇ ਪੰਜਾਬੀ ਕਹਾਣੀਆਂ ਵਿਚੋਂ ਬਿਰਤਾਂਤਕ ਹਵਾਲੇ ਦੇ ਕੇ ਕੀਤੀ। ਆਪਣੇ ਬਹੁਤ ਹੀ ਗੰਭੀਰ ਅਤੇ ਸੰਖੇਪ ਪਰਚੇ ਪਰ ਪ੍ਰਭਾਵਸ਼ਾਲੀ ਭਾਸ਼ਣ ਵਿਚ ਡਾ: ਸਤੀਸ਼ ਵਰਮਾ ਨੇ 'ਪ੍ਰਦਰਸ਼ਨੀ ਕਲਾਵਾਂ ਵਿਚ ਪੰਜਾਬੀ ਸਰੋਕਾਰਾਂ' ਦੀ ਗੱਲ ਕਰਦਿਆਂ ਟੀ. ਵੀ., ਸਿਨੇਮਾ ਅਤੇ ਥੀਏਟਰ ਦੇ ਪ੍ਰਸੰਗ ਵਿਚ ਪੰਜਾਬੀ ਸੱਭਿਆਚਾਰ ਨੂੰ ਦਰਪੇਸ਼ ਸੰਕਟ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਨੇ ਇਨ੍ਹਾਂ ਤਿੰਨਾਂ ਸਾਧਨਾਂ ਰਾਹੀਂ ਪੰਜਾਬੀ ਕੌਮ ਦੇ ਅਮੀਰ ਵਿਰਸੇ ਅਤੇ ਸੱਭਿਆਚਾਰ ਨੂੰ ਰਚਨਾਤਮਿਕ ਢੰਗ ਨਾਲ ਪ੍ਰਗਟਾਉਣ 'ਤੇ ਜ਼ੋਰ ਦਿੱਤਾ। ਸੈਸ਼ਨ ਦੇ ਉਹ ਪਲ ਬਹੁਤ ਹੀ ਜਜ਼ਬਾਤੀ ਹੋ ਗਏ ਜਦੋਂ ਇੰਗਲੈਂਡ ਤੋਂ ਪਹਿਲੀ ਵਾਰ ਪੰਜਾਬ ਆਈ ਫੈਰੋ ਮਲਿਕ ਨੇ ਬੋਲਣ ਤੋਂ ਪਹਿਲਾਂ ਅੱਖਾਂ ਭਰ ਲਈਆਂ ਅਤੇ ਦੱਸਿਆ ਕਿ ਮੈਂ ਅੱਜ ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰੀ ਪੰਜਾਬੀ 'ਚ ਬੋਲ ਰਹੀ ਹਾਂ। ਮੇਰੀ ਪੈਦਾਇਸ਼ ਕੀਨੀਆ ਦੀ ਹੈ ਅਤੇ ਮੈਂ 42 ਸਾਲ ਇੰਗਲੈਂਡ ਰਹੀ ਹਾਂ। ਉਨ੍ਹਾਂ ਨੇ 1947 ਦੇ ਘੱਲੂਘਾਰੇ ਦੀ 60ਵੀਂ ਯਾਦ ਵਿਚ ਖੇਡੇ ਜਾ ਰਹੇ ਨਾਟਕ 'ਉਮਰਾਂ ਲੰਘੀਆਂ ਪੱਬਾਂ ਭਾਰ' ਬਾਰੇ ਵੀ ਜਾਣਕਾਰੀ ਦਿੱਤੀ। ਡਾ: ਐਸ. ਐਸ. ਜੌਹਲ ਨੇ ਆਪਣੇ ਕੁਝ ਤਜਰਬੇ ਸਾਂਝੇ ਕੀਤੇ ਅਤੇ ਦ੍ਰਿੜ੍ਹਤਾ ਨਾਲ ਕਿਹਾ ਕਿ ਪੰਜਾਬੀ ਬੋਲੀ ਕਦੇ ਨਹੀਂ ਮਰ ਸਕਦੀ, ਨਾ ਹੀ ਕਦੇ ਪੰਜਾਬੀ ਕੌਮ ਖਤਮ ਹੋ ਸਕਦੀ ਹੈ। ਉਨ੍ਹਾਂ ਨੇ ਆਪਣੀ ਸਾਰੀ ਗੱਲ ਨੂੰ ਦੋ ਗੱਲਾਂ ਵਿਚ ਸਮੇਟਦਿਆਂ ਹੋਇਆਂ ਕਿਹਾ ਕਿ ਆਪਣੀ ਜ਼ੁਬਾਨ ਤੋਂ ਕਤਰਾਉਣਾ ਗੁਲਾਮੀ ਦੀ ਨਿਸ਼ਾਨੀ ਹੈ ਅਤੇ ਹੋਰਨਾਂ ਜ਼ਬਾਨਾਂ ਨੂੰ ਸਿੱਖਣਾ ਸਿਆਣਪ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਪੰਜਾਬੀ ਕਿਤਾਬਾਂ ਕਿਉਂ ਨਹੀਂ ਵਿਕਦੀਆਂ ਕਿਉਂਕਿ ਇਨ੍ਹਾਂ ਵਿਚ ਔਖੇ ਭਾਰੇ ਸੰਸਕ੍ਰਿਤ ਦੇ ਸ਼ਬਦ ਵਰਤੇ ਹੁੰਦੇ ਹਨ, ਜਿਨ੍ਹਾਂ ਦੀ ਪਾਠਕਾਂ ਨਾਲ ਕੋਈ ਮਾਨਸਿਕ ਸਾਂਝ ਨਹੀਂ ਹੁੰਦੀ।

ਬਹੁਤ ਸਾਰੇ ਹੋਰ ਵਿਦਵਾਨਾਂ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਕਾਫੀ ਦਿਲਚਸਪ ਸਵਾਲ-ਜਵਾਬ ਵੀ ਹੋਏ। ਸਭ ਤੋਂ ਅਹਿਮ ਸਵਾਲ ਡਾ: ਐਸ. ਐਲ. ਵਿਰਦੀ ਐਡਵੋਕੇਟ ਦਾ ਸੀ, ਜਿਨ੍ਹਾਂ ਨੇ ਇਹ ਪੁੱਛਿਆ ਕਿ ਪੰਜਾਬੀ ਕੌਮ ਵਿਚ ਦਲਿਤਾਂ ਦਾ ਕੀ ਸਥਾਨ ਹੋਵੇਗਾ ਅਤੇ ਉਹ ਪੰਜਾਬੀ ਕੌਮ ਦਾ ਹਿੱਸਾ ਕਿਵੇਂ ਬਣ ਸਕਣਗੇ, ਜਿਨ੍ਹਾਂ ਨੂੰ ਹੁਣ ਤੱਕ ਵੀ ਸਮਾਜੀ ਬਰਾਬਰੀ ਦਾ ਰੁਤਬਾ ਨਹੀਂ ਦਿੱਤਾ ਗਿਆ। ਕਾਨਫਰੰਸ ਦੇ ਤੀਜੇ ਸੈਸ਼ਨ ਦੀ ਪ੍ਰਧਾਨਗੀ ਡਾ: ਰੌਣਕੀ ਰਾਮ ਨੇ ਕੀਤੀ, ਜਿਸ ਵਿਚ ਸਭ ਤੋਂ ਪਹਿਲਾ ਪਰਚਾ ਡਾ: ਨਿਰਦੋਸ਼ ਕੌਰ ਨੇ ਪੜ੍ਹਿਆ। 'ਪੰਜਾਬੀ ਜ਼ੁਬਾਨ ਰੁਜ਼ਗਾਰ ਦੀ ਭਾਸ਼ਾ ਕਿਵੇਂ ਬਣੇ' ਮਸਲੇ ਬਾਰੇ ਬੋਲਦਿਆਂ ਉਨ੍ਹਾਂ ਸਪੱਸ਼ਟ ਕੀਤਾ ਕਿ ਅਸਲ ਵਿਚ ਪੰਜਾਬੀ ਬੋਲੀ ਦੇ ਵਿਕਾਸ ਲਈ

ਜਿਹੜੀ ਯੋਜਨਾਬੰਧੀ ਦੀ ਜ਼ਰੂਰਤ ਸੀ, ਉਹ ਬਿਲਕੁਲ ਨਾ ਕੀਤੀ ਗਈ ਜਿਸ ਕਰਕੇ ਪੰਜਾਬੀ ਬੋਲੀ ਰੁਜ਼ਗਾਰ ਦੀ ਭਾਸ਼ਾ ਨਹੀਂ ਬਣ ਸਕੀ। ਡਾ: ਨਿਰਮਲ ਸਿੰਘ ਨੇ ਪੰਜਾਬ ਦੇ ਪਲੀਤ ਹੋ ਚੁੱਕੇ ਵਾਤਾਵਰਣ ਬਾਰੇ ਗੱਲ ਕਰਦਿਆਂ ਦੱਸਿਆ ਕਿ ਕਿਵੇਂ ਕੈਂਸਰ, ਡਾਇਬਿਟੀਜ਼, ਗੁਰਦਿਆਂ ਦੇ ਫੇਲ੍ਹ ਹੋਣ ਅਤੇ ਏਲਰਜੀ ਵਰਗੀਆਂ ਬਿਮਾਰੀਆਂ, ਜਿਨ੍ਹਾਂ ਦਾ 60ਵਿਆਂ ਵਿਚ ਕਦੀ ਕਿਸੇ ਨੇ ਨਾਂਅ ਵੀ ਨਹੀਂ ਸੀ ਸੁਣਿਆ, ਅੱਜ ਆਮ ਫੈਲੀਆਂ ਹੋਈਆਂ ਹਨ। ਉਨ੍ਹਾਂ ਨੇ ਚਿਤਾਵਨੀ ਦਿੰਦਿਆਂ ਹੋਇਆਂ ਕਿਹਾ ਕਿ ਜੇ ਪੰਜਾਬ ਦਾ ਵਾਤਾਵਰਣ ਨਾ ਬਚਿਆ ਤਾਂ ਪੰਜਾਬੀ ਕੌਮ ਦੀ ਉਸਾਰੀ ਕਿਵੇਂ ਹੋਵੇਗੀ। ਉਨ੍ਹਾਂ ਦੀ ਇਸ ਗੱਲ ਦੀ ਪੁਸ਼ਟੀ ਕਰਦਿਆਂ ਮਜ਼ਦੂਰ ਆਗੂ ਰਾਮ ਸਿੰਘ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਸ ਗੱਲ ਦੀ ਬੜੀ ਲੋੜ ਹੈ ਕਿ ਇਸ ਵਿਕਾਸ ਮਾਡਲ ਨੂੰ ਬੜੀ ਛੇਤੀ ਬਦਲਕੇ ਕੁਦਰਤ ਨਾਲ ਇਕਸੁਰ ਕੀਤਾ ਜਾਵੇ ਤੇ ਇਸ ਬਾਰੇ ਉਨ੍ਹਾਂ ਨੇ ਸਾਰੇ ਸਾਹਿਤਕਾਰਾਂ ਅਤੇ ਵਿਦਵਾਨਾਂ ਨੂੰ ਇਕ ਜ਼ੋਰਦਾਰ ਮੁਹਿੰਮ ਚਲਾਉਣ ਦਾ ਸੱਦਾ ਦਿੱਤਾ। ਡਾ: ਨਿਰਮਲ ਸਿੰਘ ਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟ ਕਰਦਿਆਂ ਡਾ: ਸੁਤਿੰਦਰ ਸਿੰਘ ਨੂਰ ਨੇ ਵਾਤਾਵਰਣ ਦੀ ਸ਼ੁੱਧਤਾ ਨੂੰ ਸਭ ਤੋਂ ਜ਼ਰੂਰੀ ਮੁੱਦਾ ਦੱਸਿਆ। ਡਾ: ਗੁਰਦੇਵ ਸਿੰਘ ਚੰਦੀ ਨੇ ਵਿਸ਼ਵੀਕਰਨ ਅਤੇ ਪੰਜਾਬੀ ਕੌਮ ਦੀਆਂ ਜਾਤੀ, ਸਮਾਜੀ, ਆਰਥਿਕ ਸਮੱਸਿਆਵਾਂ ਬਾਰੇ ਬੋਲਦਿਆਂ ਕਿਹਾ ਕਿ ਅੱਜ ਦੇਸ਼ ਦੀ ਆਰਥਿਕਤਾ ਨੂੰ ਕੁਰਾਹੇ ਪਾਇਆ ਜਾ ਰਿਹਾ ਹੈ, ਦੇਸ਼ ਦੀ ਸਨਅਤ ਨੂੰ ਤਬਾਹ ਕੀਤਾ ਜਾ ਰਿਹਾ ਹੈ, ਦੇਸ਼ ਦਾ ਖੇਤੀ ਖੇਤਰ ਪਹਿਲਾਂ ਹੀ ਸੰਕਟ ਵਿਚ ਹੈ। ਉਨ੍ਹਾਂ ਕਿਹਾ ਕਿ ਭਾਰਤੀ ਰਾਜ ਨੂੰ ਕੇਂਦਰੀਵਾਦ ਨੂੰ ਘੱਟ ਕਰਕੇ ਸੂਬਿਆਂ ਨੂੰ ਵੱਧ ਅਧਿਕਾਰ ਦੇਣੇ ਚਾਹੀਦੇ ਹਨ, ਲੋਕਾਂ ਵਿਚਲਾ ਆਮਦਨ ਪਾੜਾ ਘਟਾਉਣਾ ਚਾਹੀਦਾ ਹੈ ਅਤੇ ਨਿਆਂ ਪ੍ਰਣਾਲੀ ਤੇਜ਼ ਕੀਤੀ ਜਾਣੀ ਚਾਹੀਦੀ ਹੈ। ਅਨੇਕਾਂ ਵਿਦਵਾਨਾਂ ਵੱਲੋਂ ਸਵਾਲ ਕਰਨ 'ਤੇ ਉਨ੍ਹਾਂ ਦੇ ਜਵਾਬ ਦਿੱਤੇ ਜਾਣ ਤੋਂ ਬਾਅਦ ਡਾ: ਰੌਣਕੀ ਰਾਮ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਸਮੂਹ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੰਜਾਬੀ ਕੌਮ ਦੀ ਉਸਾਰੀ ਦੇ ਨਾਲ-ਨਾਲ ਹੀ ਜਾਤੀ ਅਤੇ ਜਮਾਤੀ ਮਸਲਿਆਂ ਨੂੰ ਹੱਲ ਕੀਤਾ ਜਾ ਸਕੇਗਾ ਅਤੇ ਤਾਂ ਹੀ ਸੰਸਾਰੀਕਰਨ ਦੇ ਇਸ ਦੌਰ ਅੰਦਰ ਪੰਜਾਬੀ ਕੌਮ ਆਪਣਾ ਸਿਰ ਉੱਚਾ ਕਰਕੇ ਜਿਊਣ ਦੇ ਯੋਗ ਹੋਵੇਗੀ। ਅੱਜ ਹਾਜ਼ਰੀਨ ਸਰੋਤਿਆਂ ਅਤੇ ਵਿਚਾਰ-ਵਟਾਂਦਰੇ ਵਿਚ ਭਾਗ ਲੈਣ ਵਾਲੀਆਂ ਸ਼ਖ਼ਸੀਅਤਾਂ ਵਿਚ ਪ੍ਰੋ: ਹਰਕਿਸ਼ਨ ਸਿੰਘ ਮਹਿਤਾ, ਅਭੈ ਸਿੰਘ, ਜੁਗਿੰਦਰ ਸਿੰਘ ਰਾਹੀ, ਅਮੀਨ ਮਲਿਕ, ਮਨਜ਼ੂਰ ਇਜ਼ਾਜ਼, ਸ਼ਰੀਫ ਰਾਮਾ, ਗੋਪਾਲ ਸਿੰਘ ਬੁੱਟਰ, ਦਰਸ਼ਨ ਧੀਰ, ਕਾਨਾ ਸਿੰਘ, ਜੋਗਿੰਦਰ ਸਿੰਘ ਰਾਹੀ, ਵਰਿਆਮ ਸਿੰਘ ਸੰਧੂ, ਮੋਤਾ

ਸਿੰਘ ਸਰਾਏ, ਡਾ: ਐਸ. ਐਨ. ਸੇਵਕ, ਉਲਫਤ ਬਾਜਵਾ, ਜਗੀਰ ਸਿੰਘ ਕਾਹਲੋਂ, ਪਿਆਰਾ ਸਿੰਘ ਭੋਗਲ, ਸੰਜੀਵਨ, ਜਸਬੀਰ ਸਿੰਘ ਸ਼ੀਰੀਂ, ਅਜਮੇਰ ਸਿੰਘ ਔਲਖ, ਮਾਸਟਰ ਕੁਲਦੀਪ ਸਿੰਘ, ਡਾ: ਲਖਵਿੰਦਰ ਸਿੰਘ ਜੌਹਲ, ਡਾ: ਉਮਿੰਦਰ ਸਿੰਘ ਜੌਹਲ, ਜਨਕ ਰਾਜ ਸਿੰਘ, ਪ੍ਰੇਮ ਗੋਰਖੀ, ਗਿਆਨ ਸਿੰਘ ਬੱਲ, ਪ੍ਰਕਾਸ਼ ਸਿੰਘ ਜੰਮੂ, ਡਾ: ਪ੍ਰੇਮ ਸਿੰਘ, ਰਾਣੀ ਮਲਿਕ, ਡੀ. ਆਰ. ਧਵਨ ਆਦਿ ਦੇ ਨਾਂਅ ਜ਼ਿਕਰਯੋਗ ਹਨ। ਪੁਸਤਕ ਪ੍ਰਦਰਸ਼ਨੀ ਅਤੇ ਜਰਨੈਲ ਸਿੰਘ ਦੇ ਚਿੱਤਰਾਂ ਦੀ ਪ੍ਰਦਰਸ਼ਨੀ ਵੀ ਖਿੱਚ ਦਾ ਕਾਰਨ ਬਣ ਰਹੇ ਹਨ। ਰਾਤ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਥੀਏਟਰ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਨਾਟਕ ‘ਮਿੱਟੀ ਰੁਦਨ ਕਰੇ’ ਪੇਸ਼ ਕੀਤਾ ਗਿਆ।